**ਪੰਜਾਬ ਸਰਕਾਰ**

**ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ,**

**(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)**

**ਅਧਿਸੂਚਨਾ**

ਨੰ: ਐਸ.ਸੀ.ਐਸ.ਪੀ.-9/2017/2610, ਮਿਤੀ: 22 ਮਈ, 2017 : ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ (ਐਸ.ਸੀ.ਏ.) ਪ੍ਰੋਗਰਾਮ ਅਧੀਨ ਆਉਂਦੀਆਂ ਸਕੀਮਾਂ ਨੂੰ ਲਾਗੂਕਰਨ ਦੀ ਸਮੀਖਿਆ ਕਰਨ ਲਈ ਰਾਜ ਦੇ ਹਰ ਇੱਕ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਦਾ ਗਠਨ ਹੇਠ ਲਿਖੇ ਅਨੁਸਾਰ ਕਰਦੇ ਹਨ :-

| | | |
|---|---|---|
| 1. | ਪ੍ਰਧਾਨ, ਜ਼ਿਲ੍ਹਾ ਯੋਜਨਾ ਕਮੇਟੀ, ਜੋ ਜ਼ਿਲ੍ਹੇ ਨਾਲ ਸਬੰਧਤ ਹੋਣ। | ਪ੍ਰਧਾਨ |
| 2. | ਡਿਪਟੀ ਕਮਿਸ਼ਨਰ। | ਉਪ-ਪ੍ਰਧਾਨ |
| 3. | ਸਬੰਧਤ ਜ਼ਿਲ੍ਹੇ ਦੇ ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ। | ਮੈਂਬਰ |
| 4. | ਡਾਇਰੈਕਟਰ-ਕਮ-ਸੰਯੁਕਤ ਸੱਕਤਰ, ਅਨੁਸੂਚਿਤ ਜਾਤੀਆਂ ਸਬ ਪਲਾਨ ਜਾਂ ਉਨ੍ਹਾਂ ਦਾ ਪ੍ਰਤੀਨਿਧੀ। | ਮੈਂਬਰ |
| 5. | ਅਨੁਸੂਚਿਤ ਜਾਤੀਆਂ ਸਬ ਪਲਾਨ ਨਾਲ ਸਬੰਧਤ ਵਿਭਾਗਾਂ ਦੇ ਜ਼ਿਲ੍ਹਾ ਮੁੱਖੀ। | ਮੈਂਬਰ |
| 6. | ਪ੍ਰਧਾਨ, ਜ਼ਿਲ੍ਹਾ ਪ੍ਰੀਸ਼ਦ। | ਮੈਂਬਰ |
| 7. | ਮੇਅਰ, ਮਿਊਂਸਪਲ ਕਾਰਪੋਰੇਸ਼ਨ (ਜਿਥੇ ਮਿਊਂਸਪਲ ਕਾਰਪੋਰੇਸ਼ਨ ਹੈ)। | ਮੈਂਬਰ |
| 8. | ਜ਼ਿਲ੍ਹੇ ਦੀਆਂ ਸਮੂਹ ਲੋਕਲ ਬਾਡੀਜ ਦੇ ਪ੍ਰਧਾਨ। | ਮੈਂਬਰ |
| 9. | ਸਬੰਧਤ ਜ਼ਿਲ੍ਹੇ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ। | ਮੈਂਬਰ |
| 10. | ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਭਲਾਈ ਅਫਸਰ। | ਮੈਂਬਰ |
| 11. | ਅਨੁਸੂਚਿਤ ਜਾਤੀਆਂ ਨਾਲ ਸਬੰਧਤ ਪੰਜ ਗੈਰ ਸਰਕਾਰੀ ਮੈਂਬਰ, ਜੋ ਕਿ ਸਰਕਾਰ ਦੁਆਰਾ ਨਾਮਜਦ ਕੀਤੇ ਜਾਣਗੇ, ਜਿਨ੍ਹਾਂ ਵਿੱਚੋਂ ਘੱਟੋ-ਘੱਟ ਇੱਕ ਇਸਤਰੀ ਮੈਂਬਰ ਹੋਵੇਗੀ (ਇਨ੍ਹਾਂ ਮੈਂਬਰਾਂ ਦੀ ਨਾਮਜਦਗੀ 2 ਸਾਲ ਦੇ ਸਮੇਂ ਤੱਕ ਹੋਵੇਗੀ)। | ਮੈਂਬਰ |
| 12. | ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਕੰਮ ਕਰ ਰਹੀ ਇੱਕ reputed ਗੈਰ ਸਰਕਾਰੀ ਸੰਸਥਾ ਜਿਸ ਨੂੰ ਭਲਾਈ ਵਿਭਾਗ ਦੀ ਪ੍ਰਵਾਨਗੀ ਉਪਰੰਤ ਸਬੰਧਤ ਡਿਪਟੀ ਕਮਿਸ਼ਨਰ ਵਲੋਂ ਨਾਮਜ਼ਦ ਕੀਤਾ ਜਾਵੇਗਾ। | ਮੈਂਬਰ |
| 13. | ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਨੋਡਲ ਅਫਸਰ (ਐਸ.ਸੀ.ਐਸ.ਪੀ.) | ਮੈਂਬਰ ਸੱਕਤਰ |

**II. ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਦੀਆਂ ਸੀਮਾਵਾਂ ਅਤੇ ਅਧਿਕਾਰ :-**

1. ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) ਅਤੇ ਵਿਸ਼ੇਸ਼ ਕੇਂਦਰੀ ਸਹਾਇਤਾ (ਐਸ.ਸੀ.ਏ.) ਪ੍ਰੋਗਰਾਮ ਅਧੀਨ ਸਬੰਧਤ ਲਾਗੂ ਕਰਤਾ ਵਿਭਾਗਾਂ ਵਲੋਂ ਜਿਲ੍ਹਾ ਪੱਧਰ ਤੇ ਮੁਹੱਈਆ ਕਰਵਾਏ ਗਏ ਫੰਡਾਂ ਦੀ ਵਿੱਤੀ ਅਤੇ ਭੌਤਿਕ ਸਮੀਖਿਆ ਅਤੇ ਨਿਰੀਖਣ ਕੀਤਾ ਜਾਵੇਗਾ। ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਵੱਲੋਂ ਆਪਣੀ ਸਮੀਖਿਆ/ਨਿਰੀਖਣ ਰਿਪੋਰਟ ਸਮੇਂ-ਸਮੇਂ ਤੇ ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ) ਨੂੰ ਭੇਜੀ ਜਾਵੇਗੀ।
2. ਕਮੇਟੀ ਇਸ ਸਮੀਖਿਆ ਰਿਪੋਰਟ ਦੇ ਆਧਾਰ ਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਚਲਾਏ ਜਾ ਰਹੇ ਪ੍ਰੋਗਰਾਮ/ਸਕੀਮਾਂ ਨੂੰ ਹੋਰ ਸੁਚੱਜੇ ਢੰਗ ਨਾਲ ਲਾਗੂ ਕਰਨ ਲਈ ਠੋਸ ਸੁਝਾਅ ਦੇਵੇਗੀ।
3. ਕਮੇਟੀ ਸਬੰਧਤ ਜਿਲ੍ਹੇ ਵਿੱਚ ਦਿਹਾਤੀ ਅਤੇ ਸ਼ਹਿਰੀ ਇਲਾਕੇ ਵਿੱਚ ਰਹਿ ਰਹੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀਆਂ ਵਿਕਾਸ ਸਬੰਧੀ ਅਸਲ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਢੁੱਕਵੀਆਂ ਵਿਕਾਸ ਸਕੀਮਾਂ ਤਿਆਰ ਕਰੇਗੀ ਅਤੇ ਇਨ੍ਹਾਂ ਸਕੀਮਾਂ ਨੂੰ ਰਾਜ ਦੀ ਯੋਜਨਾ ਵਿੱਚ ਸ਼ਾਮਿਲ ਕਰਨ ਲਈ ਸਬੰਧਤ ਵਿਭਾਗਾਂ ਨੂੰ ਸਿਫਾਰਸ਼ ਕਰੇਗੀ ਅਤੇ ਇਸ ਦੀ ਇੱਕ ਕਾਪੀ ਵਿਭਾਗ ਨੂੰ ਵੀ ਭੇਜੇਗੀ।

4. ਕਮੇਟੀ ਸਾਲ ਵਿੱਚ ਚਾਰ ਵਾਰ ਭਾਵ ਹਰ ਤਿਮਾਹੀ ਦੇ ਅੰਤ ਤੇ ਮੀਟਿੰਗ ਕਰੇਗੀ।

5 ਕਮੇਟੀ ਦੀਆਂ ਮੀਟਿੰਗਾਂ ਅਤੇ ਹੋਰ ਕੰਮ ਕਾਰ ਲਈ ਜ਼ਿਲ੍ਹਾ ਭਲਾਈ ਅਫਸਰ ਵਲੋਂ ਮੈਂਬਰ ਸਕੱਤਰ ਨੂੰ ਸਕੱਤਰੇਤ ਸੇਵਾਵਾਂ ਦਿੱਤੀਆਂ ਜਾਣਗੀਆਂ।

6 ਹਰ ਇੱਕ ਜ਼ਿਲ੍ਹੇ ਦਾ ਮੁੱਖ ਦਫਤਰ ਕਮੇਟੀ ਦਾ ਮੁੱਖ ਦਫਤਰ ਹੋਵੇਗਾ।

7 ਗੈਰ ਸਰਕਾਰੀ ਮੈਂਬਰਾਂ ਨੂੰ ਕੋਈ ਟੀ.ਏ./ਡੀ.ਏ.ਨਹੀਂ ਦਿੱਤਾ ਜਾਵੇਗਾ।

8 ਕਮੇਟੀ ਦੀ ਮਿਆਦ ਸਰਕਾਰ ਦੀ ਤਸੱਲੀ ਤੇ ਨਿਰਭਰ ਕਰੇਗੀ।

III. **ਅਧਿਸੂਚਨਾ ਨੰ: ਐਸ.ਸੀ.ਐਸ.ਪੀ-3/2013/3993, ਮਿਤੀ 9.9.2013 ਨੂੰਮਨਸੂੱਖ ਕੀਤਾ ਜਾਂਦਾ ਹੈ।**

**ਮਿਤੀ,ਚੰਡੀਗੜ੍ਹ**
**19 ਮਈ, 2017**

**ਆਰ. ਵੈਂਕਟ ਰਤਨਮ, ਆਈ.ਏ.ਐਸ.,**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ**
**ਘੱਟ ਗਿਣਤੀ ਵਰਗ ਭਲਾਈ ਵਿਭਾਗ।**

ਪਿੱਠਅੰਕਣ ਨੰ: ਐਸ.ਸੀ.ਐਸ.ਪੀ.-9/2017/2611 ਮਿਤੀ 22-05-2017

ਉਪਰੋਕਤ ਦਾ ਇਕ ਉਤਾਰਾ ਨਿੱਜੀ ਸਕੱਤਰ/ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਮੰਤਰੀ ਪੰਜਾਬ ਨੂੰ ਮਾਨਯੋਗ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

ਪਿੱਠਅੰਕਣ ਨੰ: ਐਸ.ਸੀ.ਐਸ.ਪੀ.-9/2017/2612 ਮਿਤੀ 22-05-2017

ਉਪਰੋਕਤ ਦਾ ਇਕ ਉਤਾਰਾ ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਨੂੰ ਮਾਨਯੋਗ ਪ੍ਰਮੁੱਖ ਸਕੱਤਰ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

ਪਿੱਠਅੰਕਣ ਨੰ: ਐਸ.ਸੀ.ਐਸ.ਪੀ.-9/2017/2613-3006 ਮਿਤੀ 22-05-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਰਾਜ ਦੇ ਸਮੂਹ ਪ੍ਰਧਾਨ, ਜਿਲ੍ਹਾ ਯੋਜਨਾ ਕਮੇਟੀਆਂ।
2. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।
3. ਸਬੰਧਤ ਜਿਲ੍ਹੇ ਦੇ ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ।
4. ਅਨੁਸੂਚਿਤ ਜਾਤੀਆਂ ਸਬ ਪਲਾਨ ਨਾਲ ਸਬੰਧਤ ਸਾਰੇ ਵਿਭਾਗਾਂ ਦੇ ਜ਼ਿਲ੍ਹਾ ਮੁੱਖੀ।
5. ਰਾਜ ਦੀਆਂ ਸਮੂਹ ਜਿਲ੍ਹਾ ਪ੍ਰੀਸ਼ਦਾਂ ਦੇ ਪ੍ਰਧਾਨ।
6. ਰਾਜ ਦੀਆਂ ਸਮੂਹ ਮਿਊਂਸਪਲ ਕਾਰਪੋਰੇਸ਼ਨਾਂ ਦੇ ਮੇਅਰ।
7. ਜ਼ਿਲ੍ਹੇ ਦੇ ਸਮੂਹ ਲੋਕਲ ਬਾਡੀਜ਼ ਦੇ ਪ੍ਰਧਾਨ।
8. ਰਾਜ ਦੇ ਸਮੂਹ ਉਪ ਅਰਥ ਅਤੇ ਅੰਕੜਾ ਸਲਾਹਕਾਰ।
9. ਰਾਜ ਦੇ ਸਮੂਹ ਜਿਲ੍ਹਾ ਭਲਾਈ ਅਫਸਰ।
10. ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)।

**ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ**

**ਕਾਪੀ:-**

1. ਨਿੱਜੀ ਸਹਾਇਕ/ਡਾਇਰੈਕਟਰ (ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ।
2. ਸਮੂਹ ਡਿਪਟੀ ਡਾਇਰੈਕਟਰ, ਐਸ.ਸੀ.ਐਸ.ਪੀ।